Press Desk
بِسۡمِ اللّٰہِ الرَّحۡمٰنِ الرَّحِیۡمِ
In the name of Allah the Most Gracious the Ever Merciful

Ahmadiyya Muslim Jama'at
INTRENATIONAL
(INDIA)

**PRESS RELEASE**

A Registered Religious and Charitable Society in India under the Societies Registration Act XXI 1860

# ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਇਮਾਮ ਜਰਮਨੀ ਪਧਾਰੇ



(25 ਮਈ, ਕਾਦੀਆਂ) ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਇਮਾਮ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਫ੍ਰੈਂਕਫ਼ਰਟ ਜਰਮਨੀ ਪਹੁੰਚੇ । ਆਪ ਨੇ ਲੰਦਨ ਤੋਂ ਆਪਣੀ ਯਾਤਰਾ ਸੜਕ ਰਾਹੀਂ ਕੀਤੀ ਅਤੇ ਫ਼੍ਰਾਂਸ ਪਾਰ ਕਰਕੇ ਅਹਮਦੀਆ ਮੁਸਲਿਮ ਜਮਾਤ ਜਰਮਨੀ ਦੇ ਪ੍ਰਧਾਨ ਜਨਾਬ ਅਬਦੁਲੱਾਹ ਵੈਗਜ਼ ਹਾਊਜ਼ਰ ਸਾਹਬ ਅਤੇ ਹੋਰ ਅਧਿਕਾਰੀਆਂ ਸਣੇ ਸਮੂਹ ਜਮਾਤ ਨੇ ਨਿੱਘਾ ਸਵਾਗਤ ਕੀਤਾ । ਏਥੋਂ ਹਜ਼ੂਰ ਜਰਮਨੀ ਦੇ ਇਕ ਸ਼ਹਿਰ ਈਰਨ ਪਹੁੰਚੇ ਜਿੱਥੇ ਆਪ ਜੀ ਨੇ 'ਮਸਜਿਦ ਮਨਸੂਰ' ਦਾ ਉਦਘਾਟਨ ਕੀਤਾ । ਏਥੋਂ ਸਥਾਨੀ ਸਮੇਂ ਅਨੁਸਾਰ ਰਾਤ ਸਾਢੇ ਗਿਆਰ੍ਹਾਂ ਵਜੇ ਆਪ ਮਸਜਿਦ 'ਬੈਤੁਸੱਬੂਹ' ਪਹੁੰਚੇ ਜਿੱਥੇ ਸੈਂਕੜਿਆਂ ਅਹਮਦੀ ਪਰੁਸ਼ ਇਸਤਰੀਆਂ ਤੇ ਬੱਚਿਆਂ ਨੇ ਆਪ ਜੀ ਦਾ ਨਿੱਘਾ ਸਵਾਗਤ ਕੀਤਾ ਅਤੇ ਆਪਣੇ ਰੂਹਾਨੀ ਇਮਾਮ ਨੂੰ ਦੇਖਕੇ ਅਤਿ ਖ਼ੁਸ਼ ਹੋਏ ।

ਏਥੇ ਹਜ਼ੂਰ ਅਹਮਦੀਆ ਮੁਸਲਿਮ ਜਮਾਤ ਜਰਮਨੀ ਦੇ 40ਵੇਂ ਸਾਲਾਨਾ ਜਲਸੇ ਵਿੱਚ ਭਾਗ ਲੈਣਗੇ ਜੋ Karlsruhe ਵਿੱਚ 5 ਜੂਨ ਤੋਂ 7 ਜੂਨ ਤੱਕ ਅਯੋਜਤ ਹੋਣ ਵਾਲਾ ਹੈ ਜਿਸ ਵਿੱਚ ਸੰਸਾਰ ਭਰ ਦੇ ਵੱਖ ਵੱਖ ਦੇਸ਼ਾਂ ਦੇ ਲਗਭਗ 30 ਹਜ਼ਾਰ ਤੋਂ ਵੱਧ ਨੁਮਾਇੰਦਿਆਂ ਦੇ ਭਾਗ ਲੈਣ ਦੀ ਆਸ਼ਾ ਹੈ । ਇਸ ਤਿੰਨਾ ਦਿਨਾਂ ਦੇ ਪ੍ਰੋਗਰਾਮ ਵਿੱਚ ਹਜ਼ੂਰ ਅਹਮਦੀ ਅਤੇ ਗ਼ੈਰ ਅਮਹਦੀ ਮਹਿਮਾਨਾ ਨੂੰ ਸੰਬੋਧਨ ਕਰਨਗੇ ਅਤੇ ਇਸਲਾਮ ਦੀ ਸਹੀ ਤੇ ਅਮਨ ਬਖ਼ਸ਼ ਸਿੱਖਿਆ ਤੋਂ ਜਾਣੂ ਕਰਾਉਣਗੇ ।

**END RELEASE**

For further details please contact:
Incharge Press & Media, Ahmaidyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988, Email: pressamjindia@gmail.com,
Tel: +91-1872-500311, Fax: +91-1872-500178
Noorul Islam Toll Free Number: 1800-3010-2131